The true picture of your local community
NZ ਤਸਵੀਰ NEWS
ਆਨਲਾਈਨ ਈ-ਪੇਪਰ ਵਿਚ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ
09 390 4644

The true picture of your local community
NZ ਤਸਵੀਰ NEWS
www.nztasveernews.co.nz || ਪੰਜਾਬੀ ਅਖ਼ਬਾਰ || NZ Tasveer News

0800 CLEANUS
RED CLEANING
Old & New Build House Cleaning (Inside & Outside)
Home Cleaning / ਹੋਮ ਕਲੀਨਿੰਗ
Carpet Cleaning / ਕਾਰਪੇਟ ਕਲੀਨਿੰਗ
Floor Polishing / ਫਲੋਰ ਪੋਲਿਸ਼ਿੰਗ
Water Blaster / ਵਾਟਰ ਬਲਾਸਟਰ
Lawn Mowing / ਲਾਅਨ ਮੂਵਿੰਗ
Carpet Cleaning 3 Bedroom $95 5 Bedroom $135
ਘਰਾਂ ਜਾਂ ਆਫਿਸ ਵਿਚ ਕਾਰਪੇਟ ਕਲੀਨਿੰਗ ਜਾਂ ਵਿੰਡੋਜ਼ ਕਲੀਨਿੰਗ ਲਈ ਅੱਜ ਹੀ ਸੰਪਰਕ ਕਰੋ
Contact : Raj 021 8740 730, 0800 253 2687
www.redcleaning.co.nz

31 January 2019 Daily, editornztasveer@gmail.com designnztasveer@gmail.com Ph/Fax: 09 390 4644 FREE

# ਨਿਊਜ਼ੀਲੈਂਡ 'ਚ ਮਿਡਵਾਈਵਜ਼ ਯੂਨੀਅਨ ਨੇ ਹੜਤਾਲ ਦਾ ਨੋਟਿਸ ਜਾਰੀ ਕੀਤਾ

ਆਕਲੈਂਡ (ਐੱਨ ਜੈੱਡ ਤਸਵੀਰ ਬਿਊਰੋ) ਦੇਸ਼ ਭਰ 'ਚ ਹਸਪਤਾਲਾਂ ਦੀਆਂ ਦਾਈਆਂ (ਮਿਡਵਾਈਵਜ਼ ਸਟਾਫ)ਅਗਲੇ ਮਹੀਨੇ ਹੜਤਾਲ 'ਤੇ ਜਾਣਗੇ ਜੇਕਰ ਉਨ੍ਹਾਂ ਨੂੰ ਬਿਹਤਰ ਤਨਖਾਹਾਂ ਅਤੇ ਹੋਰ ਦੱਸੀਆਂ ਸ਼ਰਤਾਂ 'ਤੇ ਜਲਦੀ ਕੋਈ ਸਮਝੌਤਾ ਨਹੀਂ ਨਹੀਂ ਹੁੰਦਾ। ਮਿਡਵਾਈਵਜ਼ ਯੂਨੀਅਨ ਦੇ ਕਰਮਚਾਰੀ ਪ੍ਰਤੀਨਿਧ ਅਤੇ ਸਲਾਹਕਾਰੀ ਸੇਵਾ ((MERAS)) ਨੇ 11 ਫਰਵਰੀ ਤੋਂ 14 ਫਰਵਰੀ ਦੇ ਵਿਚਕਾਰ ਸਵੇਰੇ 9 ਵਜੇ ਤੋਂ ਰ ?ਤ 9 ਵਜੇ ਤੱਕ 12 ਘੰਟੇ ਦੀ ਹੜਤਾਲ ਕਰਨ ਲਈ ਇਕ ਨੋਟਿਸ ਜਾਰੀ ਕੀਤਾ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਪਿਛਲੇ ਸਾਲ ਸਤੰਬਰ ਤੋਂ ਕੋਈ ਵੀ ਗੱਲਬਾਤ ਨਹੀਂ ਹੋਈ ਹੈ।




ਯੂਨੀਅਨ ਦੇ ਸਹਿ-ਨੇਤਾ ਜੇਲ ਓਵਨਜ਼ ਨੇ ਕਿਹਾ ਕਿ ਜੇ ਸ਼ੁੱਕਰਵਾਰ ਦੀ ਮੀਟਿੰਗ ਵਿੱਚ ਸਹੀ ਨਤੀਜੇ ਨਹੀਂ ਆਏ ਤਾਂ ਹੜਤਾਲਾਂ ਹੋਣਗੀਆਂ। ਉਨਹਾਂ ਕਿਹਾ ਕਿ "ਅਸੀਂ ਕਈ ਸੰਭਾਵੀ ਹੱਲ ਕੱਢੇ ਹਨ ਅਤੇ ਇਹ ਕੇਵਲ ਇਕ ਫੀਸਦੀ ਅੰਤਰ ਜਾਂ ਇਕ ਡਾਲਰ ਦੇ ਫਰਕ ਦੇ ਰੂਪ ਵਿਚ ਨਹੀਂ ਹੈ. ਅਸੀਂ ਕੁਝ ਵੱਖਰੇ ਵੱਖਰੇ ਵਿਕਲਪਾਂ ਵੀ ਸਰਕਾਰ ਅੱਗੇ ਰੱਖ ਚੁੱਕੇ ਹਾਂ ਪਰ ਉਨ੍ਹਾਂ ਸਾਰਿਆਂ ਨੂੰ ਸਿੱਧੇ ਤੌਰ ਤੇ ਰੱਦ ਕਰ ਦਿੱਤਾ ਗਿਆ ਹੈ। ਹੜਤਾਲਾਂ 482 ਖੇਤਰ 'ਚ ਹੋਣਗੀਆਂ, ਜਿਵੇਂ ਕਿ:

AA February Northland, Waitakere, Auckland, Counties Manukau, Southern
- AB February Waikato, Lakes, Bay of Plenty, Tairawhiti, South Canterbury, West Coast
- AC February Taranaki, Whanganui, Palmerston North, HawkeÖs Bay, Canterbury
- AD February Wairarapa, Hutt Valley, Capital and Coast, Nelson-Marlborough

# ਆਕਲੈਂਡ ਵਾਸੀਆਂ ਨੇ ਇੱਕ ਦਿਨ 'ਚ ਪਾਣੀ ਦੀ ਖਪਤ ਦਾ ਰਿਕਾਰਡ ਕਾਇਮ ਕੀਤਾ



ਆਕਲੈਂਡ (ਐੱਨ ਜੈੱਡ ਤਸਵੀਰ ਬਿਊਰੋ) ਵਾਟਰਕੇਅਰ ਅਨੁਸਾਰ ਆਕਲੈਂਡ ਦੇ ਵਸਨੀਕਾਂ ਨੇ ਕੱਲ੍ਹ 524 ਮਿਲੀਅਨ ਲਿਟਰ ਪਾਣੀ ਦੀ ਵਰਤੋਂ ਕੀਤੀ , ਜੋ ਕਿ 14 ਦਸੰਬਰ, 2017 ਦੇ ਪਿਛਲੇ ਰਿਕਾਰਡ ਨਾਲੋਂ 20 ਮਿਲੀਅਨ ਲੀਟਰ ਵੱਧ ਹੈ। ਵਾਟਰਕੇਅਰ ਦਾ ਕਹਿਣਾ ਹੈ ਕਿ ਉਹ ਜਿਆਦਾ ਤੋਂ ਜਿਆਦਾ ਟਰੀਟ ਕੀਤਾ ਪਾਣੀ ਸਪਲਾਈ ਕਰਨ ਲਈ ਕੰਮ ਕਰਦੇ ਹਨ, ਤਾਂ ਜੋ ਕੋਈ ਵੀ ਨਲ ਸੁੱਕ ਨਾ ਜਾਵੇ। ਉਹ 530 ਮਿਲੀਅਨ ਲੀਟਰ ਮੰਗ ਤੋਂ ਵੱਧ 6 ਮਿਲੀਅਨ ਲੀਟਰ ਦਾ ਉਤਪਾਦਨ ਕਰਦੇ ਹਨ।ਜਿਕਰਯੋਪਗ ਹੈ ਕਿ ਨਿਊਜੀਲੈਂਡ ਦੇ ਕਈਂ ਖੇਤਰਾਂ 'ਚ ਤਾਪਮਾਨ 37 ਡਿਗਰੀ ਤੱਕ ਪੁੱਜ ਗਿਆ ਹੈ। ਜਿਸ ਕਰਕੇ ਪਾਣੀ ਦੀ ਮੰਗ ਵਧਦੀ ਜਾ ਰਹੀ ਹੈ।

# ਮਰਦਾਂ ਦੀ ਨਜ਼ਰ ਔਰਤਾਂ ਦੀਆਂ ਛਾਤੀਆਂ ਤੇ ਟਿਕਦੀ ਹੈ -ਵੇਲਿੰਗਟਨ ਯੂਨੀਵਰਸਿਟੀ



ਵੇਲਿੰਗਟਨ -ਜ਼ਿਆਦਾਤਰ ਮਰਦਾਂ ਦੀ ਨਿਗਾਹ ਕਿਸੀ ਔਰਤ ਦੇ ਦੀ ਬਜਾਏ ਉਸਦੀਆਂ ਛਾਤੀਆਂ ਤੇ ਟਿਕਦੀ ਹੈ ਇਹ ਖੁਲਾਸਾ ਇੱਕ ਖੋਜ ਵਿੱਚ ਸਾਹਮਣੇ ਆਇਆ ਕਿ ਸਿਰਫ਼ 20 ਪ੍ਰਤੀਸ਼ਤ ਮਰਦ ਹੀ ਹੀ ਪਹਿਲੀ ਨਿਗਾਹ ਕਿਸੇ ਔਰਤ ਦਾ ਚਿਹਰਾ ਦੇਖਦੇ ਹਨ । ਜਦਕਿ 80 ਪ੍ਰਤੀਸ਼ਤ ਲੋਕਾਂ ਦੀ ਨਿਗਾਹ ਔਰਤਾਂ ਦੀਆਂ ਛਾਤੀਆਂ ਜਾ ਟਿਕਦੀ ਹੈ। " ਡੇਲੀ ਮੇਲ " ਦੀ ਖ਼ਬਰ ਮੁਤਾਬਿਕ ਨਿਊਜੀਲੈਂਡ ਦੇ ਵੇਲਿੰਗਟਨ ਯੂਨੀਵਰਸਿਟੀ ਦੀ ਅਗਵਾਈ ਵਾਲੇ ਇੱਕ ਅੰਤਰਰਾਸ਼ਟਰੀ ਦਲ ਨੇ ਨੇ ਖੋਜ ਕੀਤੀ ਕਿ ਅੱਧੇ ਵਿਅਕਤੀ ਪਹਿਲੀ ਨਜ਼ਰ ਔਰਤਾਂ ਦੇ ਛਾਤੀਆਂ ਵੱਲ ਦੇਖਦੇ ਹਨ ਅਤੇ ਪੁਰਸ ਸ਼ਰੀਰ ਦੇ ਕਿਸੇ ਹੋਰ ਹਿੱਸੇ ਦੀ ਥਾਂ ਇਨ੍ਹਾਂ ਸਥਾਨਾਂ ਨੂੰ ਜ਼ਿਆਦਾ ਸਮੇਂ ਤੱਕ ਦੇਖਦੇ ਹਨ

# ਮੋਟਾਪੇ ਸਮੇਤ ਕਈ ਬੀਮਾਰੀਆਂ ਤੋਂ ਛੁੱਟਕਾਰਾ ਦਿਵਾਉਂਦੀਆਂ ਹਨ ਕਾਲੀਆਂ ਮਿਰਚਾਂ

ਕਾਲੀਆਂ ਮਿਰਚਾਂ ਜਿੱਥੇ ਖਾਣੇ 'ਚ ਸੁਆਦ ਨੂੰ ਵਧਾਉਂਦੀਆਂ ਹਨ, ਉਥੇ ਹੀ ਇਸ ਦਾ ਸੇਵਨ ਸਿਹਤ ਲਈ ਵੀ ਕਾਫੀ ਫਾਇੰਦੇਮੰਦ ਹੁੰਦਾ ਹੈ। ਇੰਨਾ ਹੀ ਨਹੀਂ, ਰੋਜ਼ਾਨਾ ਇਸ ਦਾ ਸੇਵਨ ਦਿਲ ਨੂੰ ਵੀ ਸਿਹਤਮੰਦ ਰੱਖਦਾ ਹੈ। ਦਿਲ ਸਰੀਰ ਦਾ ਮਹੱਤਵਪੂਰਨ ਅੰਗ ਹੈ ਅਤੇ ਜੇਕਰ ਦਿਲ ਹੀ ਸਿਹਤਮੰਦ ਹਾ ਹੋਵੇ ਤਾਂ ਬੀਮਾਰੀਆਂ ਦਾ ਖਤਰਾ ਵੱਧ ਜਾਂਦਾ ਹੈ ਪਰ ਆਪਣੀ ਡਾਈਟ 'ਚ ਕਾਲੀਆਂ ਮਿਰਚਾਂ ਨੂੰ ਸ਼ਾਮਲ ਕਰਕੇ ਤੁਸੀਂ ਦਿਲ ਨੂੰ ਸਿਹਤਮੰਦ ਰੱਖ ਸਕਦੇ ਹੋ।

ਦਿਲ ਲਈ ਕਿਉਂ ਫਾਇਦੇਮੰਦ ਹਨ ਕਾਲੀਆਂ ਮਿਰਚਾਂ

ਕਾਲੀਆਂ ਮਿਰਚਾਂ ਇਕ ਸੁਪਰਫੂਡ ਹੈ, ਜੋ ਦਿਲ ਨੂੰ ਸਿਹਤਮੰਦ ਰੱਖਣ ਦੇ ਨਾਲ-ਨਾਲ ਹੋਰ ਬੀਮਾਰੀਆਂ ਨੂੰ ਵੀ ਦੂਰ ਰੱਖਦੀਆਂ ਹਨ। ਦਰਅਸਲ ਇਸ 'ਚ ਵਿਟਾਮਿਨ-ਸੀ ਅਤੇ ਕੈਰੋਟੀਨਾਇਡ ਭਰਪੂਰ ਮਾਤਰਾ 'ਚ ਹੁੰਦਾ ਹੈ, ਜੋ ਨਾੜੀਆਂ ਨੂੰ ਸੁੰਘੜਣ ਤੋਂ ਬਚਾਉਂਦਾ ਹੈ, ਜਿਸ ਨਾਲ ਦਿਲ ਦੀਆਂ ਬੀਮਾਰੀਆਂ ਤੋਂ ਬਚੇ ਰਹਿੰਦੇ ਹੋ। ਇੰਨਾ ਹੀ ਨਹੀਂ ਇਸ ਦਾ ਸੇਵਨ ਭਾਰ ਕੰਟਰੋਲ ਕਰਨ 'ਚ ਮਦਦ ਕਰਦਾ ਹੈ।

ਮਾਹਰਾਂ ਦਾ ਮੰਨਣਾ ਹੈ ਕਿ ਹਰ ਵਿਅਕਤੀ ਨੂੰ ਹਫਤੇ 'ਚ ਘੱਟ ਤੋਂ ਘੱਟ 4 ਕਾਲੀਆਂ ਮਿਰਚਾਂ ਖਾਣੀਆਂ ਚਾਹੀਦੀਆਂ ਹਨ। ਕਾਲੀਆਂ ਮਿਰਚਾਂ ਦੀ ਵਰਤੋਂ ਤੁਸੀਂ ਹਰ ਤਰ੍ਹਾਂ ਦੀ ਸਬਜ਼ੀ ਅਤੇ ਦਾਲ 'ਚ ਵੀ ਕਰ ਸਕਦੇ ਹੋ। ਉਂਝ ਕਾਲੀਆਂ ਮਿਰਚਾਂ ਗਰਮ ਹੁੰਦੀਆਂ ਹਨ, ਇਸ ਲਈ ਇਸ ਦਾ ਵੱਧ ਸੇਵਨ ਸਰੀਰ ਨੂੰ ਨੁਕਸਾਨ ਵੀ ਪਹੁੰਚਾ ਸਕਦਾ ਹੈ। ਕਾਲੀਆਂ ਮਿਰਚਾਂ 'ਚ ਆਇਰਨ, ਪੋਟਾਸ਼ੀਅਮ, ਮੈਗਨੀਸ਼ੀਅਮ, ਮੈਂਗਨੀਜ਼, ਜ਼ਿੰਕ, ਕ੍ਰੋਮੀਅਮ, ਵਿਟਾਮਿਨ-ਏ ਅਤੇ ਵਿਟਾਮਿਨ-ਸੀ ਸਮੇਤ ਕਈ ਪੋਸ਼ਟਿਕ ਤੱਤ ਮੌਜੂਦ ਹੁੰਦੇ ਹਨ।

# ਚੌਥੇ ਵਨ ਡੇ ਚ ਇਕ ਛੱਕਾ ਲਗਾਉਂਦੇ ਹੀ ਹਿਟਮੈਨ ਰੋਹਿਤ ਤੋੜ ਦੇਣਗੇ ਧੋਨੀ ਦਾ ਰਿਕਾਰਡ

ਭਾਰਤ-ਨਿਊਜ਼ੀਲੈਂਡ ਵਿਚਾਲੇ ਖੇਡੀ ਜਾ ਰਹੀ 5 ਵਨ ਡੇ ਮੈਚਾਂ ਦੀ ਸੀਰੀਜ਼ 'ਚ ਟੀਮ ਇੰਡੀਆ ਨੇ ਸ਼ੁਰੂਆਤੀ ਤਿੰਨ ਮੈਚਾਂ 'ਚ ਧਮਾਕੇਦਾਰ ਜਿੱਤ ਦੇ ਨਾਲ ਸੀਰੀਜ਼ 'ਤੇ ਕਬਜ਼ਾ ਜਮਾ ਲਿਆ ਹੈ। ਜਦਕਿ ਬਾਕੀ ਬਚੇ ਦੋ ਮੈਚਾਂ ਅਤੇ ਟੀ-20 ਸੀਰੀਜ਼ ਲਈ ਟੀਮ ਦੇ ਕਪਤਾਨ ਵਿਰਾਟ ਕੋਹਲੀ ਨੂੰ ਆਰਾਮ ਦਿੱਤਾ ਗਿਆ ਹੈ। ਅਜਿਹੇ 'ਚ ਟੀਮ ਦੀ ਕਮਾਨ ਰੋਹਿਤ ਸ਼ਰਮਾ ਦੇ ਹੱਥਾਂ 'ਚ ਹੋਵੇਗੀ ਜਿਨ੍ਹਾਂ ਨੇ ਇਸ ਸੀਰੀਜ਼ 'ਚ ਸ਼ਾਨਦਾਰ ਪ੍ਰਦਰਸ਼ਨ ਕੀਤਾ ਹੈ ਅਤੇ ਹੁਣ ਤਕ 2 ਅਰਧ ਸੈਂਕੜੇ ਜੜੇ ਹਨ। ਵੈਸੇ ਤਾਂ ਜੇਕਰ ਰੋਹਿਤ ਦੀ ਕਪਤਾਨੀ ਦਾ ਰਿਕਾਰਡ ਦੇਖੀਏ ਤਾਂ ਉਹ ਕਾਫੀ ਸ਼ਾਨਦਾਰ ਰਿਹਾ ਹੈ ਪਰ 31 ਜਨਵਰੀ ਨੂੰ ਖੇਡਿਆ ਜਾਣ ਵਾਲਾ ਮੁਕਾਬਲਾ ਰੋਹਿਤ ਲਈ ਕਾਫੀ ਅਹਿਮ ਹੈ ਅਤੇ ਯਾਦਗਾਰ ਹੋਣ ਵਾਲਾ ਹੈ ਜਿਸ ਨਾਲ ਰੋਹਿਤ ਦੇ ਨਾਂ ਕਈ ਖਾਸ ਰਿਕਾਰਡ ਦਰਜ ਹੋ ਸਕਦੇ ਹਨ।ਟੁੱਟੇਗਾ ਧੋਨੀ ਦਾ ਇਹ ਖਾਸ ਰਿਕਾਰਡ !- ਪਿਛਲੇ ਮੈਚ 'ਚ ਰੋਹਿਤ ਨੇ ਜਦੋਂ 62 ਦੌੜਾਂ ਦੀ ਪਾਰੀ ਖੇਡੀ ਸੀ ਤਾਂ ਉਨ੍ਹਾਂ ਨੇ ਸਭ ਤੋਂ ਜ਼ਿਆਦਾ ਛੱਕੇ ਮਾਰਨ ਦੇ ਮਾਮਲੇ 'ਚ ਧੋਨੀ ਦੇ 215 ਛੱਕਿਆਂ ਦੀ ਬਰਾਬਰੀ ਕੀਤੀ ਸੀ। ਅਜਿਹੇ 'ਚ ਜੇਕਰ ਰੋਹਿਤ ਇਕ ਹੋਰ ਸਿਕਸ ਇਸ ਮੈਚ 'ਚ ਜੜ ਦਿੰਦੇ ਹਨ ਤਾਂ ਉਹ ਸਭ ਤੋਂ ਜ਼ਿਆਦਾ ਛੱਕੇ ਮਾਰਨ ਵਾਲੇ ਭਾਰਤੀ ਖਿਡਾਰੀਆਂ ਦੀ ਲਿਸਟ 'ਚ ਪਹਿਲੇ ਨੰਬਰ 'ਤੇ ਆ ਜਾਣਗੇ। ਅਜਿਹੇ 'ਚ ਰੋਹਿਤ ਲਈ ਇਹ ਮੁਕਾਬਲਾ ਕਈ ਅਰਥਾਂ 'ਚ ਯਾਦਗਾਰ ਹੋਣ ਵਾਲਾ ਹੈ। ਇਸ ਸੀਰੀਜ਼ 'ਚ ਭਾਰਤ ਅਜੇ 3-0 ਨਾਲ ਅੱਗੇ ਹੈ। ਇਸ ਸੀਰੀਜ਼ ਦੇ ਬਾਅਦ ਭਾਰਤੀ ਨੂੰ ਤਿੰਨ ਮੈਚਾਂ ਦੀ ਟੀ-20 ਸੀਰੀਜ਼ ਵੀ ਖੇਡਣੀ ਹੈ।

# ਕਿਤੇ ਭਿਆਨਕ ਗਰਮੀ, ਕਿਤੇ ਹੱਡ ਚੀਰਵੀਂ ਠੰਡ, ਹੋਰ ਵਿਗੜਨਗੇ ਹਾਲਾਤ

ਵਾਸ਼ਿੰਗਟਨ— ਮੌਸਮ ਦਾ ਰੁਖ ਤੇਜ਼ੀ ਨਾਲ ਬਦਲ ਰਿਹਾ ਹੈ। ਦੁਨੀਆ ਦੇ ਵੱਖ-ਵੱਖ ਹਿੱਸਿਆਂ 'ਚ ਮੌਸਮ ਦੇ ਵਧਦੇ ਫਰਕ ਨਾਲ ਮੌਸਮ ਵਿਗਿਆਨੀ ਵੀ ਚਿੰਤਤ ਹਨ। ਕਿਤੇ ਠੰਡ ਰਿਕਾਰਡ ਤੋੜ ਰਹੀ ਹੈ ਤੇ ਕਿਤੇ ਗਰਮੀ ਸਾੜਨ 'ਤੇ ਉਤਾਰੂ ਹੈ। ਸ਼ਿਕਾਗੋ 'ਚ ਮੌਸਨ ਅਧਿਕਾਰੀਆਂ ਨੇ ਲੋਕਾਂ ਨੂੰ ਸਲਾਹ ਦਿੱਤੀ ਹੈ ਕਿ ਭੁੱਲ ਕੇ ਵੀ ਬਾਹਰ ਦੇ ਮੌਸਮ ਦੇ ਸੰਪਰਕ 'ਚ ਨਾ ਆਉ। ਇਥੇ ਤਾਪਮਾਨ ਸਿਫਰ ਤੋਂ 50 ਡਿਗਰੀ ਤੱਕ ਹੇਠਾਂ ਚਲਾ ਗਿਆ ਹੈ। ਪੰਜ ਮਿੰਟ ਵੀ ਜੇਕਰ ਕੋਈ ਇਸ ਠੰਡ ਦੇ ਸੰਪਰਕ 'ਚ ਰਿਹਾ ਤਾਂ ਉਹ ਠੰਡ ਦੀ ਲਪੇਟ 'ਚ ਆ ਸਕਦਾ ਹੈ। ਉਥੇ ਦੂਜੇ ਪਾਸੇ ਠੀਕ ਇਸੇ ਵੇਲੇ ਆਸਟ੍ਰੇਲੀਆ 'ਚ ਤਾਪਮਾਨ ਉਬਾਲ 'ਤੇ ਹੈ। ਇਥੇ ਤਾਪਮਾਨ 50 ਡਿਗਰੀ ਸੈਲਸੀਅਸ ਤੱਕ ਪਹੁੰਚ ਗਿਆ ਹੈ। ਜੰਗਲ ਸੜ ਰਹੇ ਹਨ। ਵਧਦੇ ਤਾਪਮਾਨ ਦੇ ਕਾਰਨ ਏਸੀ ਫੇਲ ਹੋ ਗਏ ਹਨ। ਏਸੀ ਦੀ ਵਰਤੋਂ ਇੰਨੀ ਵਧ ਗਈ ਕਿ ਗ੍ਰਿਡ ਫੇਲ ਹੋ ਗਿਆ। ਬਿਜਲੀ ਬਚਾਉਣ ਲਈ ਟਰੇਨਾਂ ਤੇ ਟ੍ਰਾਮ ਦਾ ਸੰਚਾਲਨ ਰੋਕਿਆ ਜਾ ਰਿਹਾ ਹੈ। ਲੇਬਰ ਮੰਤਰੀਆਂ ਦਾ ਕਹਿਣਾ ਹੈ ਕਿ ਬਹੁਤ ਜ਼ਿਆਦਾ ਗਰਮ ਮੌਸਮ ਹੋਣ ਦੀ ਸਥਿਤੀ 'ਚ ਕੰਪਨੀਆਂ 'ਚ ਕੰਮਕਾਜ ਬੰਦ ਰੱਖਣ ਦਾ ਕਾਨੂੰਨ ਲਿਆਂਦਾ ਜਾਵੇ। ਵਿਗਿਆਨੀਆਂ ਦਾ ਕਹਿਣਾ ਹੈ ਕਿ ਇਹ ਮੌਸਮ ਦੇ ਲਿਹਾਜ਼ ਨਾਲ ਬੇਹੱਦ ਖਰਾਬ ਸਥਿਤੀ ਹੈ। ਹਾਲਾਤ ਖਰਾਬ ਹੁੰਦੇ ਜਾ ਰਹੇ ਹਨ। ਮੌਸਮ ਜਿਥੇ ਵੀ ਤੇ ਜਿਦਾਂ ਦਾ ਵੀ ਹੈ, ਆਪਣੇ ਚੋਟੀ 'ਤੇ



ਹੈ। ਯੂਨੀਵਰਸਿਟੀ ਆਫ ਇਦਾਹੋ ਦੀ ਪ੍ਰੋਫੈਸਰ ਕ੍ਰਿਸਟਲ ਏ. ਕੋਲਡੇਨ ਨੇ ਕਿਹਾ ਕਿ ਗੱਲ ਚਾਹੇ ਠੰਡ ਦੀ ਹੋਵੇ ਜਾਂ ਜੰਗਲ 'ਚ ਲੱਗੀ ਅੱਗ ਦੀ ਜਾਂ ਤੂਫਾਨ ਦੀ। ਸਾਨੂੰ ਇਹ ਮੰਨ ਕੇ ਚੱਲਣਾ ਹੋਵੇਗਾ ਕਿ ਹੁਣ ਤੱਕ ਜੋ ਵੀ ਦੇਖਿਆ ਗਿਆ ਹੈ, ਸਥਿਤੀ ਉਸ ਤੋਂ ਵੀ ਜ਼ਿਆਦਾ ਖਰਾਬ ਹੋਣ ਵਾਲੀ ਹੈ। ਪਿਛਲੇ ਸਾਲ ਨਾਰਵੇ ਤੋਂ ਅਲਜ਼ੀਰੀਆ ਤੱਕ ਗਰਮੀ ਨੇ ਰਿਕਾਰਡ ਤੋੜ ਦਿੱਤਾ। ਆਸਟ੍ਰੇਲੀਆ ਦੇ ਕੁਝ ਹਿੱਸਿਆਂ 'ਚ ਸੋਕਾ ਇੰਨੇ ਲੰਬੇ ਸਮੇਂ ਤੱਕ ਚੱਲਿਆ ਕਿ ਕੁਝ ਬੱਚਿਆਂ ਨੇ ਤਾਂ ਸ਼ਾਇਦ ਮੀਂਹ ਦੇਖਿਆ ਹੀ ਨਹੀਂ। ਇਹ ਹੀ ਹਾਲ ਕੈਲੀਫੋਰਨੀਆ 'ਚ ਰਿਹਾ। ਪਿਛਲੇ ਸਾਲ ਇਥੇ ਸਭ ਤੋਂ ਭਿਆਨਕ ਜੰਗਲ ਦੀ ਅੱਗ ਲੱਗੀ। ਸਥਿਤੀ ਇਹ ਹੋ ਗਈ ਕਿ ਸੂਬੇ ਦੀ ਸਭ ਤੋਂ ਵੱਡੀ ਕੰਪਨੀ ਪੈਸੀਫਿਕ ਗੈਸ ਐਂਡ ਇਲੈਕਟ੍ਰਾਨਿਕ ਨੂੰ ਪਿਛਲੇ ਹਫਤੇ ਦਿਵਾਲੀਆ ਅਰਜ਼ੀ ਲਾਉਣੀ ਪਈ। ਭਿਆਨਕ ਸਰਦੀ ਤੇ ਭਿਆਨਕ ਗਰਮੀ ਦੀ ਇਹ ਸਥਿਤੀ ਕਈ ਸਵਾਲ ਖੜ੍ਹੇ ਕਰ ਰਹੀ ਹੈ। ਲੋਕਾਂ ਦਾ ਕਹਿਣਾ ਹੈ ਕਿ ਇਸ ਸਥਿਤੀ ਦਾ ਜਲਵਾਯੂ ਪਰਿਵਰਤਨ ਨਾਲ ਕੋਈ ਸਬੰਧ ਨਹੀਂ ਹੈ। ਜਲਵਾਯੂ ਪਰਿਵਰਤਨ ਦੀ ਚਰਚਾ 'ਚ ਧਰਤੀ ਦੇ ਗਰਮ ਹੋਣ ਤੇ ਗਲੋਬਲ ਤਾਪਮਾਨ ਵਧਣ ਦੀ ਗੱਲ ਹੁੰਦੀ ਹੈ। ਭਿਆਨਕ ਸਰਦੀ ਤੇ ਤੂਫਾਨ ਦੇ ਪਿਛੇ ਵੀ ਜਲਵਾਯੂ ਪਰਿਵਰਤਨ ਹੀ ਅਹਿਮ ਕਾਰਨ ਹੈ। ਗਲੋਬਲ ਤਾਪਮਾਨ 'ਚ ਵਾਧੇ ਕਾਰਨ ਮੌਸਮ ਚੱਕਰ 'ਚ ਬਦਲਾਅ ਹੋ ਰਿਹਾ

Roscommon food Plaza is looking to hire
A full time Cook/chef in Manurewa, Auckland.
The ideal candidate must be physically fit have a sound experience of 2-3 years with reputed employers in New Zealand or overseas.
You must be able to demonstrate knowledge and skills to perform following tasks.
- To make all special sweets and snack items as required for various Indian festivals.
- Indian Curries, like Chicken Tikka Masala, Butter Chicken, Mango Chicken, Rogan josh and many other north and south Indian dishes
- Decorate items as required
- You must be able-bodied to handle the workload and pressure for this job.
- Clean the working areas and equipment at the end of the day.
- Keep all stock and finished products in fridge/freezer, if required.
- Take care of health, safety and hygiene in and around work areas.
- To make sure all the equipment you are using is safe to use.

Applicants for this position should have NZ residency or a valid NZ work visa.
Contact: Amrit
Info.nzid@gmail.com
0221510043, 0226776704